# ਅੰਤਿਕਾ A

# ਔਰਤਾਂ ਲਈ ਆਦਰ

## ਯਿਸੂ ਵੱਲੋਂ ਔਰਤਾਂ ਪ੍ਰਤੀ ਆਦਰ ਦੀ ਉਦਾਹਰਣ

ਪਹਿਲੀ ਸਦੀ ਦੇ ਰੋਮੀ ਸੰਸਾਰ ਅਤੇ ਯਹੂਦੀ ਧਰਮ ਵਿੱਚ ਔਰਤਾਂ ਨੂੰ ਮਰਦਾਂ ਨਾਲੋਂ ਨੀਵਾਂ ਸਮਝਿਆ ਜਾਂਦਾ ਸੀ। ਦੁਨੀਆਂ ਭਰ ਦੇ ਬਹੁਤ ਸਾਰੇ ਸੱਭਿਆਚਾਰਾਂ ਅਤੇ ਬਹੁਤ ਸਾਰੇ ਘਰਾਂ ਵਿੱਚ ਔਰਤਾਂ ਪ੍ਰਤੀ ਇੱਕ ਨੀਵਾਂ ਨਜ਼ਰੀਆ ਅਜੇ ਵੀ ਪ੍ਰਚਲਿਤ ਹੈ। ਔਰਤਾਂ ਦਾ ਨਿਰਾਦਰ ਕੀਤਾ ਜਾਂਦਾ ਹੈ, ਲਿੰਗਕ ਵਸਤੂਆਂ ਵਜੋਂ ਵਰਤਿਆ ਜਾਂਦਾ ਹੈ ਅਤੇ ਦੁਰਵਿਹਾਰ ਕੀਤਾ ਜਾਂਦਾ ਹੈ। ਪਰ ਯਿਸੂ ਦਾ ਔਰਤਾਂ ਪ੍ਰਤੀ ਉੱਚ ਆਦਰ ਸਾਡੇ ਲਈ ਉਦਾਹਰਣ ਵਜੋਂ ਹੋਣਾ ਚਾਹੀਦਾ ਹੈ।

ਮਸੀਹ ਲਈ, ਔਰਤਾਂ ਵਿੱਚ ਮਰਦਾਂ ਦੇ ਬਰਾਬਰ ਸੁਭਾਵਿਕ ਮਾਣ ਅਤੇ ਮਹੱਤਵ ਹੈ। ਯਿਸੂ ਨੇ ਕਿਹਾ, "ਜਿਸ ਨੇ ਉਨ੍ਹਾਂ ਨੂੰ ਬਣਾਇਆ ਉਹ ਨੇ ਮੁੱਢੋਂ ਉਨ੍ਹਾਂ ਨੂੰ ਨਰ ਅਤੇ ਨਾਰੀ ਬਣਾਇਆ" (ਮੱਤੀ 19:4, ਉਤਪਤ 1:27)। ਔਰਤਾਂ ਨੂੰ ਪਰਮੇਸ਼ੁਰ ਦੇ ਸਰੂਪ ਉੱਤੇ ਬਣਾਇਆ ਗਿਆ ਹੈ ਜਿਵੇਂ ਕਿ ਮਰਦ ਹਨ। ਮਰਦਾਂ ਵਾਂਗ, ਉਨ੍ਹਾਂ ਕੋਲ ਸਵੈ-ਜਾਗਰੂਕਤਾ, ਨਿੱਜੀ ਆਜ਼ਾਦੀ, ਸਵੈ-ਨਿਰਣੇ ਦਾ ਇੱਕ ਮਾਪ ਹੈ, ਅਤੇ ਉਨ੍ਹਾਂ ਦੇ ਕੰਮਾਂ ਲਈ ਨਿੱਜੀ ਜ਼ਿੰਮੇਵਾਰੀ ਹੈ। ਯਿਸੂ ਔਰਤਾਂ ਨੂੰ ਸੱਚੇ ਵਿਅਕਤੀਆਂ ਵਜੋਂ ਵੇਖਦਾ ਹੈ, ਨਾ ਕਿ ਸਿਰਫ਼ ਮਰਦਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਵਾਲੀਆਂ ਵਸਤੂਆਂ ਦੇ ਵਜੋਂ। ਉਸ ਨੇ ਉਨ੍ਹਾਂ ਨੂੰ ਉਨ੍ਹਾਂ ਵਿਅਕਤੀਆਂ ਵਜੋਂ ਵੇਖਿਆ ਜਿਨ੍ਹਾਂ ਲਈ ਉਹ ਦੁਨੀਆਂ ਵਿੱਚ ਆਇਆ ਸੀ (ਲੂਕਾ 8:1-3)।

ਜੇਮਜ਼ ਬੋਰਲੈਂਡ, ਜੌਨ ਪਾਈਪਰ ਅਤੇ ਵੇਨ ਗਰੂਡੇਮ ਦੇ ਨਾਲ, ਚਾਰ ਇੰਜੀਲਾਂ ਵਿੱਚ ਪਾਏ ਜਾਣ ਵਾਲੇ ਯਿਸੂ ਦੇ ਔਰਤਾਂ ਪ੍ਰਤੀ ਉੱਚ ਦ੍ਰਿਸ਼ਟੀਕੋਣ ਅਤੇ ਔਰਤਾਂ ਪ੍ਰਤੀ ਉਸ ਦੇ ਆਦਰ ਦੀਆਂ ਇਹ ਸਪੱਸ਼ਟ ਉਦਾਹਰਣਾਂ ਪੇਸ਼ ਕਰਦੇ ਹਨ:

**(1) ਯਿਸੂ ਨੇ ਨਿਯਮਿਤ ਤੌਰ 'ਤੇ ਜਨਤਕ ਤੌਰ 'ਤੇ ਔਰਤਾਂ ਨੂੰ ਸਿੱਧੇ ਤੌਰ 'ਤੇ ਸੰਬੋਧਿਤ ਕੀਤਾ।**

ਯਿਸੂ ਦੇ ਦਿਨਾਂ ਵਿੱਚ ਇੱਕ ਆਦਮੀ ਲਈ ਇਹ ਕਰਨਾ ਅਸਾਧਾਰਣ ਸੀ (ਯੂਹੰਨਾ 4:27)। ਚੇਲੇ ਯਿਸੂ ਨੂੰ ਸੁਖਾਰ ਦੇ ਖੂਹ 'ਤੇ ਸਾਮਰੀ ਔਰਤ ਨਾਲ ਗੱਲ ਕਰਦੇ ਵੇਖ ਕੇ ਹੈਰਾਨ ਹੋਏ (ਯੂਹੰਨਾ 4:7-26)। ਉਸ ਨੇ ਵਿਭਚਾਰ ਵਿੱਚ ਫੜੀ ਗਈ ਔਰਤ ਨਾਲ ਵੀ ਖੁੱਲ੍ਹ ਕੇ ਗੱਲ ਕੀਤੀ (ਯੂਹੰਨਾ 8:10-11)। ਲੂਕਾ ਦੱਸਦਾ ਹੈ ਕਿ ਯਿਸੂ ਨੇ ਨਾਇਨ ਦੀ ਵਿਧਵਾ (ਲੂਕਾ 7:12-13), ਲਹੂ ਵਹਿਣ ਦੀ ਬਿਮਾਰੀ ਵਾਲੀ ਔਰਤ (ਲੂਕਾ 8:48, ਮੱਤੀ 9:22, ਮਰਕੁਸ 5:34), ਅਤੇ ਇੱਕ ਔਰਤ ਨਾਲ ਜਨਤਕ ਤੌਰ 'ਤੇ ਗੱਲ ਕੀਤੀ ਜਿਸ ਨੇ ਭੀੜ ਵਿੱਚੋਂ ਉਸ ਨੂੰ ਬੁਲਾਇਆ (ਲੂਕਾ 11:27-28)। ਯਿਸੂ ਨੇ 18 ਸਾਲਾਂ ਤੋਂ ਕੁੱਬੀ ਹੋਈ ਇੱਕ ਔਰਤ (ਲੂਕਾ 13:12) ਅਤੇ ਸਲੀਬ ਦੇ ਰਸਤੇ 'ਤੇ ਔਰਤਾਂ ਦੇ ਇੱਕ ਸਮੂਹ (ਲੂਕਾ 23:27-31) ਨੂੰ ਸੰਬੋਧਿਤ ਕੀਤਾ।

shepherds GLOBAL CLASSROOM

**(2) ਯਿਸੂ ਨੇ ਔਰਤਾਂ ਨਾਲ ਗੱਲ ਕਰਨ ਦੇ ਤਰੀਕੇ ਦੁਆਰਾ ਉਨ੍ਹਾਂ ਪ੍ਰਤੀ ਆਪਣਾ ਆਦਰ ਅਤੇ ਉੱਚ ਸਨਮਾਨ ਵਿਖਾਇਆ।**

ਉਸ ਨੇ ਸੋਚ-ਸਮਝ ਕੇ, ਦੇਖਭਾਲ ਕਰਨ ਵਾਲੇ ਢੰਗ ਨਾਲ ਗੱਲ ਕੀਤੀ। ਮੱਤੀ, ਮਰਕੁਸ ਅਤੇ ਲੂਕਾ ਦਰਜ ਕਰਦੇ ਹਨ ਕਿ ਯਿਸੂ ਨੇ ਲਹੂ ਵਹਿਣ ਦੀ ਬਿਮਾਰੀ ਵਾਲੀ ਔਰਤ ਨੂੰ "ਬੇਟੀ" ਕਿਹਾ ਅਤੇ ਅਪਾਹਜ ਔਰਤ ਨੂੰ "ਅਬਰਾਹਾਮ ਦੀ ਧੀ" ਕਿਹਾ (ਲੂਕਾ 13:16)। ਉਨ੍ਹਾਂ ਨੂੰ "ਅਬਰਾਹਾਮ ਦੀਆਂ ਧੀਆਂ" ਕਹਿ ਕੇ ਯਿਸੂ ਉਨ੍ਹਾਂ ਨੂੰ "ਅਬਰਾਹਾਮ ਦੇ ਪੁੱਤਰਾਂ" ਦੇ ਬਰਾਬਰ ਆਤਮਿਕ ਦਰਜਾ ਦਿੰਦਾ ਹੈ।

**(3) ਯਿਸੂ ਔਰਤਾਂ ਦੇ ਅੰਦਰੂਨੀ ਮਹੱਤਵ ਨੂੰ ਉਨ੍ਹਾਂ ਦੇ ਪਾਪਾਂ ਲਈ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਜ਼ਿੰਮੇਵਾਰ ਠਹਿਰਾ ਕੇ ਦਰਸਾਉਂਦਾ ਹੈ।**

ਇਹ ਖੂਹ 'ਤੇ ਔਰਤ ਨਾਲ ਉਸ ਦੇ ਵਿਹਾਰ (ਯੂਹੰਨਾ 4:16-18), ਵਿਭਚਾਰੀ ਔਰਤ (ਯੂਹੰਨਾ 8:10-11), ਅਤੇ ਉਸ ਪਾਪੀ ਔਰਤ ਨਾਲ ਜਿਸ ਨੇ ਉਸ ਦੇ ਪੈਰਾਂ 'ਤੇ ਅਤਰ ਮਲਿਆ ਸੀ, (ਲੂਕਾ 7:44-50) ਵਿੱਚ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦੇ ਪਾਪ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਗਿਆ ਸੀ ਸਗੋਂ ਉਸ ਦਾ ਸਾਹਮਣਾ ਕੀਤਾ ਗਿਆ ਸੀ। ਉਸ ਦੇ ਕੰਮ ਨੇ ਵਿਖਾਇਆ ਕਿ ਹਰੇਕ ਔਰਤ ਕੋਲ ਨਿੱਜੀ ਆਜ਼ਾਦੀ ਸੀ, ਉਹ ਆਪਣੀਆਂ ਚੋਣਾਂ ਲਈ ਜ਼ਿੰਮੇਵਾਰ ਸੀ, ਅਤੇ ਉਸ ਨੂੰ ਪਾਪ, ਤੋਬਾ ਅਤੇ ਮਾਫ਼ੀ ਦੇ ਮੁੱਦਿਆਂ ਨਾਲ ਨਿੱਜੀ ਤੌਰ 'ਤੇ ਨਜਿੱਠਣਾ ਚਾਹੀਦਾ ਸੀ।

## ਜਿਵੇਂ ਯਿਸੂ ਔਰਤਾਂ ਨੂੰ ਮਹੱਤਵ ਦਿੰਦਾ ਹੈ ਉਹ ਤਰੀਕਾ ਅੱਜ ਕਲੀਸਿਯਾ ਨੂੰ ਕਿਵੇਂ ਸੇਧ ਦੇਵੇ

ਅੱਜ ਬਹੁਤ ਸਾਰੀਆਂ ਕਲੀਸਿਯਾਵਾਂ ਅਤੇ ਸੰਪਰਦਾਵਾਂ ਵਿੱਚ ਸੇਵਕਾਈ ਅਤੇ ਘਰ ਵਿੱਚ ਔਰਤਾਂ ਦੀ ਆਦਰਸ਼ ਬਾਈਬਲੀ ਭੂਮਿਕਾ ਬਾਰੇ ਚਰਚਾ ਕੀਤੀ ਜਾ ਰਹੀ ਹੈ, ਜਿਵੇਂ ਕਿ ਇਹ ਹੋਣੀ ਚਾਹੀਦੀ ਹੈ, ਫਿਰ ਵੀ ਪਰਮੇਸ਼ੁਰ ਦੇ ਸਰੂਪ ਵਿੱਚ ਬਣੇ ਹੋਏ ਵਿਅਕਤੀਆਂ ਵਜੋਂ ਔਰਤਾਂ ਦੇ ਮਹੱਤਵ ਅਤੇ ਸਮਾਨਤਾ 'ਤੇ ਕਦੇ ਵੀ ਸਵਾਲ ਨਹੀਂ ਉਠਾਇਆ ਜਾਣਾ ਚਾਹੀਦਾ। ਯਿਸੂ ਨੇ ਲਗਾਤਾਰ ਔਰਤਾਂ ਦੇ ਮਹੱਤਵ ਅਤੇ ਸਨਮਾਨ ਨੂੰ ਵਿਅਕਤੀਆਂ ਵਜੋਂ ਦਰਸਾਇਆ। ਯਿਸੂ ਨੇ ਔਰਤਾਂ ਨੂੰ ਆਪਣੇ ਜੀ ਉੱਠਣ ਦੇ ਪਹਿਲੇ ਸੰਦੇਸ਼ਵਾਹਕ ਵਜੋਂ ਨਿਯੁਕਤ ਕੀਤਾ (ਯੂਹੰਨਾ 20:17)। ਉਹ ਉਨ੍ਹਾਂ ਦੀ ਸੰਗਤ, ਪ੍ਰਾਰਥਨਾਵਾਂ, ਮਸੀਹੀ ਸੇਵਾ, ਵਿੱਤੀ ਸਹਾਇਤਾ, ਗਵਾਹੀ ਅਤੇ ਗਵਾਹੀ ਦੇਣ ਦੀ ਕਦਰ ਕਰਦਾ ਸੀ। ਯਿਸੂ ਨੇ ਔਰਤਾਂ ਦਾ ਆਦਰ ਕੀਤਾ, ਔਰਤਾਂ ਨੂੰ ਸਿਖਾਇਆ, ਅਤੇ ਸੋਚ-ਸਮਝ ਕੇ ਔਰਤਾਂ ਦੀ ਸੇਵਾ ਕੀਤੀ।

## ਨਵੇਂ ਨੇਮ ਵਿੱਚ ਵਿਖਾਇਆ ਗਿਆ ਔਰਤਾਂ ਲਈ ਆਦਰ

ਯਿਸੂ ਦੀ ਔਰਤਾਂ ਪ੍ਰਤੀ ਆਦਰ ਦੀ ਉਦਾਹਰਣ ਪਵਿੱਤਰ ਆਤਮਾ ਦੇ ਜੀਵਨ ਵਿੱਚ ਵਿਖਾਈ ਦਿੰਦੀ ਹੈ। ਪੰਤੇਕੁਸਤ ਦੇ ਦਿਨ, ਪਵਿੱਤਰ ਆਤਮਾ ਪੁੱਤਰਾਂ ਅਤੇ ਧੀਆਂ, ਅਤੇ ਦਾਸਾਂ ਅਤੇ ਦਾਸੀਆਂ ਦੋਵਾਂ ਉੱਤੇ ਵਹਾਇਆ ਗਿਆ ਸੀ (ਰਸੂਲਾਂ ਦੇ ਕਰਤੱਬ 2:17-18)। ਪਵਿੱਤਰ ਆਤਮਾ ਨੇ ਕੋਈ ਪੱਖਪਾਤ ਨਹੀਂ ਵਿਖਾਇਆ।

ਰੋਮੀਆਂ 16 ਵਿੱਚ, ਪੌਲੁਸ ਫ਼ੀਬੀ ਨਾਮ ਦੀ ਇੱਕ ਔਰਤ ਦੀ ਕਲੀਸਿਯਾ ਦੀ ਸੇਵਕਾ ਵਜੋਂ ਤਾਰੀਫ਼ ਕਰਦਾ ਹੈ (ਆਇਤ 1), ਪ੍ਰਿਸਕਿੱਲਾ ਅਤੇ ਅਕੂਲਾ ਦੋਵਾਂ ਨੇ ਮਸੀਹ ਯਿਸੂ ਵਿੱਚ ਉਸ ਦੇ ਸਾਥੀ ਕਾਮਿਆਂ ਵਜੋਂ ਉਸ ਦੇ ਲਈ ਆਪਣੀਆਂ ਜਾਨਾਂ ਨੂੰ ਦਾਅ 'ਤੇ ਲਾਇਆ



shepherds
GLOBAL CLASSROOM

(ਆਇਤ 3-4), ਮਰਿਯਮ ਸਖ਼ਤ ਮਿਹਨਤ ਕਰਨ ਵਾਲੀ ਸੀ (ਆਇਤ 6), ਜੂਨੀਆ ਰਸੂਲਾਂ ਲਈ ਜਾਣੀ ਜਾਂਦੀ ਸੀ (ਆਇਤ 7), ਅਤੇ ਹੋਰ ਔਰਤਾਂ ਨੂੰ ਵੀ ਸਨ।

1 ਥੱਸਲੁਨੀਕੀਆਂ ਵਿੱਚ ਪੌਲੁਸ ਔਰਤਾਂ ਵਿੱਚ ਪਰਮੇਸ਼ੁਰ ਦੁਆਰਾ ਤਿਆਰ ਕੀਤੀ ਗਈ ਕੋਮਲਤਾ ਅਤੇ ਮਾਂ ਦੇ ਪਿਆਰ ਦੀ ਤਾਰੀਫ਼ ਕਰਦਾ ਹੈ ਜਦੋਂ ਉਹ ਲਿਖਦਾ ਹੈ, "ਪਰ ਅਸੀਂ ਤੁਹਾਡੇ ਵਿੱਚ ਅਜੇਹੇ ਅਸੀਲ ਸਾਂ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ" (1 ਥੱਸਲੁਨੀਕੀਆਂ 2:7)। ਅਫ਼ਸੀਆਂ ਵਿੱਚ ਉਹ ਪਤੀਆਂ ਨੂੰ ਆਪਣੀਆਂ ਪਤਨੀਆਂ ਨਾਲ ਪਿਆਰ ਕਰਨ ਦਾ ਹੁਕਮ ਦਿੰਦਾ ਹੈ, "ਜਿਵੇਂ ਮਸੀਹ ਨੇ ਵੀ ਕਲੀਸਿਯਾ ਨਾਲ ਪ੍ਰੇਮ ਕੀਤਾ ਅਤੇ ਆਪਣੇ ਆਪ ਨੂੰ ਉਸ ਦੇ ਲਈ ਦੇ ਦਿੱਤਾ," ਅਤੇ ਆਪਣੇ ਸਰੀਰਾਂ ਵਾਂਗ (ਅਫ਼ਸੀਆਂ 5:25, 28)। ਪਤਰਸ ਪਤੀਆਂ ਨੂੰ ਅਪੀਲ ਕਰਦਾ ਹੈ ਕਿ "ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ ਅਤੇ ਇਸਤ੍ਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕੇ ਅਤੇ... ਆਦਰ ਕਰੋ (1 ਪਤਰਸ 3:7)।

ਸਪੱਸ਼ਟ ਤੌਰ 'ਤੇ, ਸ਼ੁਰੂਆਤੀ ਕਲੀਸਿਯਾ ਵਿੱਚ ਔਰਤਾਂ ਨੂੰ ਕੀਮਤੀ ਮੰਨਿਆ ਜਾਂਦਾ ਸੀ, ਅਤੇ ਮਰਦਾਂ ਨੂੰ ਔਰਤਾਂ ਦਾ ਆਦਰ ਕਰਨਾ ਸਿਖਾਇਆ ਜਾਂਦਾ ਸੀ। ਇਹ ਸਮਾਂ ਆ ਗਿਆ ਹੈ ਕਿ ਹਰ ਜਗ੍ਹਾ ਆਤਮਿਕ ਆਗੂ ਔਰਤਾਂ ਲਈ ਖੜ੍ਹੇ ਹੋਣ ਅਤੇ ਹਰ ਸੱਭਿਆਚਾਰ ਵਿੱਚ ਉਨ੍ਹਾਂ ਦੇ ਦੁਰਵਿਹਾਰ ਦੇ ਵਿਰੁੱਧ ਖੜ੍ਹੇ ਹੋਣ। ਇਹ ਸਮਾਂ ਆ ਗਿਆ ਹੈ ਕਿ ਅਸੀਂ ਔਰਤਾਂ ਦੀ ਉਨ੍ਹਾਂ ਦੇ ਸਿਰਜਣਹਾਰ ਦੁਆਰਾ ਉਸ ਦੇ ਸਰੂਪ ਵਿੱਚ ਵਿਲੱਖਣ ਤੌਰ 'ਤੇ ਰਚੇ ਗਏ ਵਿਅਕਤੀਆਂ ਵਜੋਂ ਕਦਰ ਕਰੀਏ। ਕਲੀਸਿਯਾ ਜਾਂ ਘਰ ਵਿੱਚ, ਮਰਦ ਅਤੇ ਔਰਤ ਦੀ ਭੂਮਿਕਾ ਦੇ ਵਿੱਚ ਭਿੰਨਤਾ ਬਾਰੇ ਕੋਈ ਵੀ ਸਿੱਖਿਆ ਇਸ ਨੀਂਹ ਨਾਲ ਸ਼ੁਰੂ ਹੋਣੀ ਚਾਹੀਦੀ ਹੈ, ਨਹੀਂ ਤਾਂ ਸਾਡੀ ਸਿੱਖਿਆ ਦੁਰਵਿਹਾਰ ਦਾ ਰਸਤਾ ਬਣ ਜਾਂਦੀ ਹੈ।

### ਸਮੂਹ ਵਿੱਚ ਚਰਚਾ ਲਈ

► ਆਪਣੇ ਸੱਭਿਆਚਾਰ ਵਿੱਚ ਮਰਦਾਂ ਅਤੇ ਔਰਤਾਂ ਵਿਚਕਾਰ ਕੀਤੇ ਜਾਣ ਵਾਲੇ ਅੰਤਰਾਂ ਦਾ ਵਰਣਨ ਕਰੋ। ਬਾਈਬਲ ਦੀ ਸੱਚਾਈ ਨੂੰ ਧਿਆਨ ਨਾਲ ਲਾਗੂ ਕਰਕੇ ਉਨ੍ਹਾਂ ਅੰਤਰਾਂ ਨੂੰ ਕਿਵੇਂ ਸੁਧਾਰਿਆ ਜਾਵੇਗਾ?

► ਤੁਹਾਡੇ ਦੇਸ ਵਿੱਚ ਕਲੀਸਿਯਾਵਾਂ ਔਰਤਾਂ ਨਾਲ ਮਰਦਾਂ ਨਾਲੋਂ ਵੱਖਰੇ ਢੰਗ ਨਾਲ ਕਿਵੇਂ ਪੇਸ਼ ਆਉਂਦੀਆਂ ਹਨ? ਕੀ ਕਲੀਸਿਯਾਵਾਂ ਅਤੇ ਸੱਭਿਆਚਾਰ ਵਿੱਚ ਕੋਈ ਅੰਤਰ ਹੈ?

► ਯਿਸੂ ਦੀ ਉਦਾਹਰਣ ਦੇ ਆਧਾਰ 'ਤੇ, ਕਿਹੜੇ ਰੀਤੀ-ਰਿਵਾਜ ਬਦਲਣੇ ਚਾਹੀਦੇ ਹਨ?



shepherds GLOBAL CLASSROOM